# <u>ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ (ਗਲਾਡਾ)</u>
# <u>ਫਿਰੋਜ਼ਪੁਰ ਰੋਡ, ਲੁਧਿਆਣਾ</u>

## ਧਿਆਨ ਦੇਣ ਗੈਰ ਕਾਨੂੰਨੀ ਮੈਰਿਜ਼ ਪੈਲਸਾਂ ਦੇ ਮਾਲਕ–

## <u>ਜਨਤਕ ਸੂਚਨਾ</u>

### ਮੋਜੂਦਾ ਚੱਲ ਰਹੇ ਅਣ–ਅਧਿਕਾਰਤ ਮੈਰਿਜ਼ ਪੈਲਸ ਮਾਲਕਾਂ ਦੀ ਜਾਣਕਾਰੀ ਹਿੱਤ:

- ਪੰਜਾਬ ਸਰਕਾਰ ਵੱਲੋਂ ਮਿਤੀ 16.08.2016 ਰਾਹੀਂ ਮੋਜੂਦਾ ਅਣ–ਅਧਿਕਾਰਤ ਮੈਰਿਜ ਪੈਲਸਾਂ ਨੂੰ ਰੈਗੂਲਰ ਕਰਨ ਅਤੇ ਨਵੇਂ ਮੈਰਿਜ ਪੈਲਸ ਸਥਾਪਿਤ ਕਰਨ ਸਬੰਧੀ ਸੋਧੀ ਹੋਈ <u>*ਪਾਲਸੀ 12/8/2012–5 ਐਚ.ਜੀ. II/820005/1 ਮਿਤੀ 16.08.2016 ਨਾਲ ਜਾਰੀ ਕਰ ਦਿੱਤੀ ਹੈ।*</u>
- ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ( ਗਲਾਡਾ) ਦੇ ਅਧਿਕਾਰ ਖੇਤਰ (ਜਿਲ੍ਹਾ ਲੁਧਿਆਣਾ, ਜਿਲ੍ਹਾ ਮੋਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਤਹਿਸੀਲ ਫਿਰੋਜ਼ਪੁਰ, ਤਹਿਸੀਲ ਜ਼ੀਰਾ ਜਿਲ੍ਹਾ ਫਿਰੋਜ਼ਪੁਰ, ਅਤੇ ਤਹਿਸੀਲ ਫਿਲੋਰ ਜਿਲ੍ਹਾ ਜਲੰਧਰ) ਵਿੱਚ ਮੋਜੂਦਾ ਅਣ–ਅਧਿਕਾਰਤ ਮੈਰਿਜ਼ ਪੈਲਸਾਂ ਦੇ ਜਿਨ੍ਹਾਂ ਮਾਲਕਾਂ ਵੱਲੋਂ ਪਹਿਲਾਂ ਆਪਣੇ ਮੈਰਿਜ ਪੈਲਸ ਰੈਗੂਲਾਰਾਈਜ਼ ਕਰਵਾਉਣ ਲਈ ਅਰਜੀਆ ਪੇਸ਼ ਨਹੀਂ ਕੀਤੀਆਂ, ਉਨ੍ਹਾਂ ਨੂੰ ਸਰਕਾਰ ਵੱਲੋਂ ਇੱਕ ਹੋਰ ਮੋਕਾ ਦਿੰਦੇ ਹੋਏ ਇਹ ਪਾਲਸੀ ਜਾਰੀ ਹੋਣ ਤੋ 2 ਮਹੀਨੇ ਦੇ ਅੰਦਰ ਅੰਦਰ ਅਰਜੀਆਂ ਪੇਸ਼ ਕਰਨ ਦਾ ਸਮਾਂ ਦਿੱਤਾ ਗਿਆ ਹੈ।<u>*ਉਹ ਅਣ–ਅਧਿਕਾਰਤ ਮੈਰਿਜ਼ ਪੈਲਸਾ ਦੇ ਮਾਲਕ ਜੋ ਪਹਿਲਾਂ ਆਪਣੀਆਂ ਅਰਜ਼ੀਆਂ ਪੇਸ਼ ਨਹੀਂ ਕਰ ਸਕੇ ਹਨ, ਉਹ 2 ਮਹੀਨੇ ਦੇ ਅੰਦਰ ਅੰਦਰ ਭਾਵ ਮਿਤੀ 15.10.2016 ਤੱਕ ਆਪਣੀਆਂ ਅਰਜ਼ੀਆਂ ਗਲਾਡਾ ਦਫਤਰ ਵਿਖੇ ਪੇਸ਼ ਕਰ ਸਕਦੇ ਹਨ।*</u>
- ਜਿਨ੍ਹਾਂ ਅਣ–ਅਧਿਕਾਰਤ ਮੈਰਿਜ਼ ਪੈਲਸਾ ਦੇ ਮਾਲਕਾਂ ਨੂੰ ਵੱਖ ਵੱਖ ਦਫਤਰਾਂ ਵੱਲੋਂ ਭੋਂ ਵਰਤੋਂ ਤਬਦੀਲੀ ਕਰਨ ਸਬੰਧੀ ਡਿਮਾਂਡ ਨੋਟਿਸ ਜਾਰੀ ਕੀਤੇ ਗਏ ਹਨ, ਉਹ ਲੋਕ ਇਸ ਪਾਲਸੀ ਅਧੀਨ ਬਣਦੇ ਚਾਰਜਿਜ਼ ਜਮ੍ਹਾਂ ਕਰਵਾਉਣ ਉਪਰੰਤ ਭੋਂ ਵਰਤੋਂ ਤਬਦੀਲੀ ਦੀ ਪ੍ਰਵਾਨਗੀ ਪ੍ਰਾਪਤ ਕਰਨ ਅਤੇ ਜਿਨ੍ਹਾਂ ਮਾਲਕਾਂ ਦੇ ਮੈਰਿਜ਼ ਪੈਲਸਾ ਦੇ ਬਿਲਡਿੰਗ ਪਲੈਨ ਪ੍ਰਵਾਨ ਹੋਣੇ ਰਹਿੰਦੇ ਹਨ, ਉਹ ਵੀ ਇਸ ਪਾਲਸੀ ਅਧੀਨ ਸ਼ੀਘਰ ਹੀ ਗਲਾਡਾ/ਸੀਨੀਅਰ ਨਗਰ ਯੋਜਨਾਕਾਰ ਲੁਧਿਆਣਾ/ਜਲੰਧਰ ਦੇ ਦਫਤਰ ਨਾਲ ਤਾਲਮੇਲ ਕਰਦੇ ਹੋਏ ਆਪਣੇ ਮੈਰਿਜ਼ ਪੈਲਸਾਂ ਦੇ ਬਿਲਡਿੰਗ ਪਲੈਨ ਪਾਸ ਕਰਵਾਉਣ।

ਜਿਨ੍ਹਾਂ ਮੋਜੂਦਾ ਮੈਰਿਜ ਪੈਲਸ ਮਾਲਕਾਂ ਵੱਲੋਂ ਇਸ ਪਾਲਸੀ ਅਧੀਨ ਆਪਣੇ ਮੈਰਿਜ਼ ਪੈਲਸ ਰੈਗੂਲਰ ਨਹੀਂ ਕਰਵਾਏ ਜਾਣਗੇ, ਉਨ੍ਹਾਂ ਵਿਰੁੱਧ ਸਰਕਾਰ ਵੱਲੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਇਹ ਪਾਲਸੀ ਪੁੱਡਾ ਦੀ ਵੈਬਸਾਈਟ <u>www.puda.gov.in</u> ਤੇ ਵੇਖੀ ਜਾ ਸਕਦੀ ਹੈ ਅਤੇ <u>**ਟੈਲੀਫੋਨ ਨੰਬਰ** 0161– 2460924, 6604869, 2460804</u> ਤੇ ਵੀ ਜਾਣਕਾਰੀ ਲਈ ਜਾ ਸਕਦੀ ਹੈ।

ਸਹੀ/–
ਮੁੱਖ ਪ੍ਰਸ਼ਾਸਕ
ਗਲਾਡਾ, ਲੁਧਿਆਣਾ